## 16 ਗੁਰੂ ਕੰਤ, ਜੀਵ ਇਸਤਰੀ :

ਆਸਾ ॥

ਕਰਵਤੁ ਭਲਾ ਨ ਕਰਵਟ ਤੇਰੀ ॥

ਲਾਗੁ ਗਲੇ ਸੁਨੁ ਬਿਨਤੀ ਮੇਰੀ ॥੧॥

ਤੇਰਾ, ਮੇਰੇ ਵਾਲੇ ਪਾਸੇ ਕੰਡ ਕਰ ਲੈਣ ਨਾਲੋਂ ਮੇਰੇ ਤੇ ਆਰਾ ਚਲ ਜਾਏ, ਉਹ ਮੈਨੂੰ ਬਿਹਤਰ ਲਗਦਾ ਹੈ। ਹੇ ਮੇਰੇ ਗੁਰੂ ਪਤੀ! ਤੂੰ ਮੇਰੇ ਵਲ ਪਿੱਠ ਨਾ ਫ਼ੇਰ, ਮੇਰੀ ਬੇਨਤੀ ਪਰਵਾਨ ਕਰਕੇ ਮੈਨੂੰ ਆਪਣੇ ਗਲ ਨਾਲ ਲਾ ਲੈ।੧।

ਹਉ ਵਾਰੀ ਮੁਖੁ ਫੇਰਿ ਪਿਆਰੇ ॥

ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥੧॥ ਰਹਾਉ ॥

ਮੈਂ ਆਪਣਾ ਆਪਾ ਤੇਰੇ ਤੇ ਵਾਰਦੀ ਹਾਂ, ਤੂੰ ਆਪਣਾ ਮੁਖ ਮੇਰੇ ਵਾਲੇ ਪਾਸੇ ਕਰ ਲੈ। ਤੂੰ ਮੈਨੂੰ ਗਲ ਨਾਲ ਨਾ ਲਾ ਕੇ ਦੂਜੇ ਪਾਸੇ ਕਰਵਟ ਫ਼ੇਰਦਾ ਹੈ ਤਾਂ ਮੇਰੇ ਲਈ ਤਾਂ ਉਹ ਮਰਣ ਸਮਾਨ ਹੋ ਜਾਂਦਾ ਹੈ, ਇਸ ਲਈ ਹੇ ਮੇਰੇ ਗੁਰੂ ! ਮੈਨੂੰ ਇੰਵ ਕਿਉਂ ਮਾਰਦਾ ਹੈਂ।੧।ਰਹਾਉ।

ਜਉ ਤਨੁ ਚੀਰਹਿ ਅੰਗੁ ਨ ਮੋਰਉ ॥

ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥੨॥

ਜੇ ਤੇਰਾ ਮੇਰੇ ਨਾਲ ਸੰਗ ਕਰਦੇ ਕਰਦੇ ਮੇਰਾ ਅੰਗ ਚੀਰ ਵੀ ਹੋ ਜਾਵੇ ਤਾਂ ਵੀ ਮੈਂ ਆਪਣਾ ਅੰਗ ਪਰੇ ਨਹੀਂ ਮੋੜਾਂਗੀ। ਇੰਞ ਮੇਰੇ ਸਰੀਰ ਤੇ ਵੀ ਬਣ ਆਵੇ ਤਾਂ ਵੀ ਮੈਂ ਤੇਰੇ ਨਾਲ ਇਹ ਪ੍ਰੇਮ ਮਿਲਨ ਨਹੀਂ ਤੋੜਾਗੀ।੨।, ਭਾਵ, ਹਰ ਤਰੀਕੇ ਨਾਲ ਤੇਰੀ ਸੇਵਾ ਕਰਦਿਆਂ ਕਰਦਿਆਂ ਭਾਵੇਂ ਮੇਰਾ ਤਨ ਵੀ ਕਿਉਂ ਨਾ ਚੀਰਿਆ ਜਾਵੇ ਤਾਂ ਵੀ ਤੇਰੀ ਅਰਾਧਨਾ/ ਸੇਵਾ ਕਰਨੀ ਨਹੀਂ ਛੱਡਾਂਗੇ।

ਹਮ ਤੁਮ ਬੀਚੁ ਭਇਓ ਨਹੀ ਕੋਈ ॥

ਤੁਮਹਿ ਸੁ ਕੰਤ ਨਾਰਿ ਹਮ ਸੋਈ ॥੩॥

ਤੂੰ ਮੇਰਾ ਪਤੀ ਹੈਂ ਤੇ ਮੈਂ ਤੇਰੀ ਵਹੁਟੀ ਹਾਂ, ਇਸ ਲਈ ਤੇਰੇ ਮੇਰੇ ਵਿਚ ਕਿਸੇ ਨੂੰ, ਭਾਵ, ਸਮਾਜ ਨੂੰ ਦਖਲ ਦੇਣ ਦੀ ਲੋੜ ਨਹੀਂ।੩। ਭਾਵ, ਗੁਰੂ ਦੀ ਸੇਵਾ ਵਿੱਚ ਸਮਾਜ ਜਾਂ ਰਿਸ਼ਤਿਆਂ ਦੇ ਦਾਖਲ਼ ਦਾ ਕੋਈ ਮਤਲਬ ਨਹੀਂ।

ਕਹਤੁ ਕਬੀਰੁ ਸੁਨਹੁ ਰੇ ਲੋਈ ॥

ਅਬ ਤੁਮਰੀ ਪਰਤੀਤਿ ਨ
ਹੋਈ ॥੪॥੨॥੩੫॥

ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਹੇ ਲੁਕਾਈ ! ਮੇਰਾ ਮੇਰੇ ਕੰਤ ਨਾਲ ਇਤਨਾ ਗੂੜ੍ਹਾ ਪ੍ਰੇਮ ਚਲ ਰਿਹਾ ਹੈ ਕਿ ਮੈਨੂੰ ਹੁਣ ਤੇਰੀ ਕੋਈ ਪਰਵਾਹ ਨਹੀਂ, ਕਿ ਤੂੰ ਕੀ ਕੀ ਕਹੇਂ।੪।੨।੩੫।

Last modified: 2 Mar 2020